**ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.)**

**ਆਰਟਸ ਰਿਸਰਚ** ਪ੍ਰੋਗਰਾਮ ਲਈ

## ਪ੍ਰਸਤਾਵਾਂ ਦੀ ਮੰਗ

ਦਾ ਸੱਦਾ ਦਿੰਦਾ ਹੈ

ਅਰਜ਼ੀਆਂ ਦੀ ਆਖਰੀ ਤਰੀਕ: ਬੁੱਧਵਾਰ, **16 ਅਗਸਤ, 2023, 11:59 PM (IST)**

ਆਰਟਸ ਰਿਸਰਚ ਪ੍ਰੋਗਰਾਮ ਵਿਦਵਾਨਾ, ਖੋਜਕਰਤਿਆਂ, ਅਤੇ ਅਭਿਆਸੀਆਂ ਵੱਲੋਂ ਭਾਰਤ ਵਿਚ ਕਲਾ ਪ੍ਰੈਕਟਿਸਿਜ ਦੇ ਵੰਨ ਸੁਵੰਨੇ ਇਤਿਹਾਸਾਂ ਅਤੇ ਐਕਸਪ੍ਰੈਸ਼ਨਜ ਦੀ ਖੋਜ ਲਈ ਵਿਅਸਤ ਕਰਦਾ ਹੈ। ਇਹ ਕਲਾ ਵਿਚ ਮੋਕਲੇ ਨਜ਼ਰੀਏ, ਸਮਝ, ਇੰਟਰਪ੍ਰੇਟੇਸ਼ਨਜ ਅਤੇ ਸ਼ਮੂਲੀਅਤ ਦਾ ਮੁਦਈ ਹੈ।

ਅਸੀਂ ਆਰਟਸ ਰਿਸਰਚ ਪ੍ਰੋਗਰਾਮ ਲਈ ਆਈ.ਐਫ.ਏ. ਵੱਲੋਂ ਅਮਲ ਵਿਚ ਲਿਆਂਦੇ ਜਾਣ ਵਾਲ਼ੇ ਪ੍ਰੋਜੈਕਟਸ ਲਈ ਚਾਹਵਾਨ ਖੋਜਕਰਤਿਆਂ ਅਤੇ ਅਭਿਆਸੀਆਂ ਤੋਂ ਪ੍ਰਸਤਾਵਾਂ ਦੀ ਮੰਗ ਕਰਦੇ ਹਾਂ। ਇਹ ਪ੍ਰੋਜੈਕਟ ਹਾਸ਼ੀਆਗਤ ਜਾਂ ਘੱਟ ਪੜਤਾਲੇ ਗਏ ਵਿਸ਼ਿਆਂ; ਥਿਓਰੀ(ਵਿਚਾਰ) ਅਤੇ ਪ੍ਰੈਕਟਿਸ(ਅਭਿਆਸ) ਦੇ ਵਿਚ ਸੰਵਾਦ ਦੀ ਥਾਂ ਬਣਾਉਣ ਵਾਲ਼ੇ; ਕਲਾ ਅਭਿਆਸਾਂ ਦੀ ਨਵੀਂ ਪੜ੍ਹਤ ਦੇਣ ਵਾਲ਼ੇ; ਅਤੇ ਅੰਤਰ ਵਿਧਾਈ ਤਰੀਕੇ ਵਰਤ ਕੇ ਨਵੀਂ ਵਿਚਾਰਕ ਭੋਇੰ ਤਿਆਰ ਕਰਨ ਵਾਲ਼ੇ ਹੋ ਸਕਦੇ ਹਨ।

ਰਿਸਰਚ ਪ੍ਰੋਜੈਕਟਸ ਦੇ ਸਪਸ਼ਟ ਖੋਜ ਉਦੇਸ਼, ਪਿਛੋਕੜ ਦਾ ਡੂੰਘਾ ਸਰਵੇ, ਖੋਜ ਦੇ ਸਟੀਕ ਸਵਾਲ, ਪੁਖਤਾ ਤਰੀਕੇ, ਅਤੇ ਖਾਸ ਨਤੀਜੇ ਹੋਣੇ ਚਾਹੀਦੇ ਹਨ ਅਤੇ ਉਹ ਜਨਤਕ ਤੌਰ ਤੇ ਸਾਂਝੇ ਹੋਣ। ਨਤੀਜੇ ਕਿਤਾਬ, ਫ਼ਿਲਮਾਂ, ਵੈਬਸਾਈਟਾਂ, ਮਲਟੀਮੀਡੀਆ ਨੁਮਾਇਸ਼ਾਂ ਆਦਿ ਹੋ ਸਕਦੀਆਂ ਹਨ।

ਬਾਕੀ ਭਾਰਤੀ ਭਾਸ਼ਾਵਾਂ ਵਿਚ ਇਸ ਪ੍ਰਸਤਾਵਾਂ ਦੀ ਮੰਗ ਦੇ ਅਨੁਵਾਦ ਪੜ੍ਹਨ ਲਈ ਇਥੇ ਕਲਿਕ ਕਰੋ।

ਪ੍ਰੋਜੈਕਟ ਦੀ ਮਿਆਦ:
ਘੱਟੋ ਘੱਟ **ਇਕ ਸਾਲ** ਤੱਕ ਅਤੇ ਵੱਧ ਤੋਂ ਵੱਧ 18 **ਮਹੀਨੇ**

ਬਜਟ:
ਵੱਧ ਤੋਂ ਵੱਧ 5,00,000 ਰੁਪਏ

ਆਖਰੀ ਤਰੀਕ:

**ਬੁੱਧਵਾਰ, 16 ਅਗਸਤ, 2023, 11:59 PM (IST)**

ਪ੍ਰਸਤਾਵ ਕੌਣ ਭੇਜ ਸਕਦੇ ਹਨ?

ਪ੍ਰੋਗਰਾਮ ਸਾਰੀਆਂ ਵਿਧਾਵਾਂ ਦੇ ਵਿਦਵਾਨਾਂ, ਖੋਜਕਰਤਿਆਂ, ਅਤੇ ਅਭਿਆਸੀਆਂ ਵੱਲੋਂ ਪ੍ਰਸਤਾਵਾਂ ਲਈ ਖੁੱਲਾ ਹੈ।

ਜੇ ਤੁਸੀਂ ਭਾਰਤੀ ਨਾਗਰਿਕ ਹੋ ਤਾਂ ਤੁਸੀਂ ਪ੍ਰਸਤਾਵ ਭੇਜ ਸਕਦੇ ਹੋ। ਤੁਹਾਡੇ ਸਹਿਯੋਗੀ ਵੀ ਭਾਰਤੀ ਹੋਣੇ ਚਾਹੀਦੇ ਹਨ। (ਯੋਗਤਾ ਬਾਰੇ ਜਿਆਦਾ ਜਾਣਕਾਰੀ ਲਈ, ਇੱਥੇ ਕਲਿੱਕ ਕਰੋ )

ਪ੍ਰਸਤਾਵ ਭੇਜਣ ਦਾ ਤਰੀਕਾ:

**ਕਿਰਪਾ ਕਰਕੇ ਆਪਣੇ ਪ੍ਰਸਤਾਵ ਵਿਚ ਹੇਠ ਲਿਖੀਆਂ ਚੀਜਾਂ ਭੇਜੋ:**

- **ਪ੍ਰਸਤਾਵ ਦੀ ਲਿਖਤ** ਵਿਚ ਸਪਸ਼ਟ ਖੋਜ ਉਦੇਸ਼, ਅਤੇ ਪਿਛੋਕੜ ਦਾ ਡੂੰਘਾ ਸਰਵੇ, ਖੋਜ ਦੇ ਸਟੀਕ ਸਵਾਲ, ਪੁਖਤਾ ਤਰੀਕੇ, ਅਤੇ ਖਾਸ ਨਤੀਜੇ ਹੋਣ
- **ਸਹਾਇਕ ਮਟੀਰੀਅਲ,** ਜੇ ਕੋਈ ਹੈ ਤਾਂ, ਜਿਸ ਨਾਲ਼ ਤੁਹਾਡੇ ਕੰਮ ਦੀ ਸਮਝ ਆ ਸਕੇ
- ਤੁਹਾਡਾ ਕਰੀਕੁਲਮ ਵੀਟੇ;
- **ਬਜਟ ਦਾ ਵਿਸਥਾਰ ਸਹਿਤ ਲੇਖਾਜੋਖਾ** ਜਿਸ ਨਾਲ਼ ਪਤਾ ਲੱਗੇ ਕੇ ਫੰਡ ਕਿਵੇਂ ਵਰਤੇ ਜਾਣਗੇ। ਜੇ ਹੋਰ ਸਰੋਤਾਂ ਤੋਂ ਫੰਡ ਮਿਲਣ ਦੇ ਆਸਾਰ ਹਨ ਤਾਂ ਜਾਣਕਾਰੀ ਦਿਓ
- ਤੁਹਾਡਾ ਪਤਾ, ਟੈਲੀਫੋਨ ਨੰਬਰ, ਅਤੇ ਈ-ਮੇਲ ਪਤਾ

## ਆਮ ਜਾਣਕਾਰੀ

- ਬਜਟ ਪ੍ਰੋਜੈਕਟ ਸੰਬੰਧੀ ਨਿੱਜੀ ਖਰਚੇ, ਗਤੀਵਿਧੀਆਂ, ਅਤੇ ਯਾਤਰਾ, ਅਤੇ ਸਧਾਰਨ ਸਾਜੋ ਸਮਾਨ ਦੇ ਕਿਰਾਏ ਜਾਂ ਮਟੀਰੀਅਲ ਨੂੰ ਹੀ ਕਵਰ ਕਰੇਗਾ। ਜੇ ਲੋੜ ਪਵੇ ਤਾਂ, ਖਿਆਲ ਰੱਖੋ ਕਿ ਹਰੇਕ ਬਜਟ ਕੈਟੇਗਰੀ ਪ੍ਰੋਜੈਕਟ ਸੰਬੰਧੀ ਖਰਚੇ ਦੀ ਖਾਸ ਚੀਜ਼ ਨੂੰ ਦਰਜ ਕਰੇ;
- ਤੁਸੀਂ ਭੱਤੇ ਦੀ ਮੰਗ ਕਰ ਸਕਦੇ ਹੋ, ਜਿਹੜਾ ਕਿ ਪ੍ਰਸਤਾਵਿਤ ਬਜਟ ਦੇ 35% ਤੋਂ ਵੱਧ ਨਹੀਂ ਹੋ ਸਕਦਾ;
- ਕਿਰਪਾ ਕਰਕੇ ਅਦਾਰੇ ਦੇ ਖਰਚੇ, ਇਮਾਰਤ ਦੇ ਖਰਚੇ ਜਾਂ ਇਨਫਰਾਸਟਰਕਚਰ ਵਿਕਾਸ ਦੇ ਖਰਚੇ ਬਜਟ ਵਿਚ ਸ਼ਾਮਲ ਨਾ ਕੀਤੇ ਜਾਣ। ਅਸੀਂ ਸਾਜੋ-ਸਮਾਨ ਦੀ ਖਰੀਦ ਨੂੰ ਸਹਾਇਤਾ ਨਹੀਂ ਦਿੰਦੇ, ਪਰ ਫਿਰ ਵੀ ਜੇ ਸਾਜੋ-ਸਮਾਨ ਖਰੀਦਿਆ ਜਾਂਦਾ ਹੈ ਤਾਂ ਪ੍ਰੋਜੈਕਟ ਦੇ ਮੁਕੰਮਲ ਹੋਣ ਤੇ ਇਹ ਆਈ.ਐਫ਼.ਏ. ਨੂੰ ਮੋੜ ਦਿੱਤਾ ਜਾਵੇ;

## ਚੋਣ ਦਾ ਤਰੀਕਾ:

ਸ਼ੌਰਟਲਿਸਟ ਕੀਤੇ ਪ੍ਰਸਤਾਵ ਬਾਹਰੀ ਪੈਨਲ ਵੱਲੋਂ ਵਾਚੇ ਜਾਣਗੇ ਅਤੇ ਬਿਨੈਕਾਰਾਂ ਨੂੰ ਪੈਨਲ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨ ਦੀ ਜ਼ਰੂਰਤ ਪਵੇਗੀ। ਅਮਲ ਲਈ ਚੁਣੇ ਗਏ ਪ੍ਰੋਜੈਕਟ **ਦਸੰਬਰ** 2023 ਵਿਚ ਨਸ਼ਰ ਕੀਤੇ ਜਾਣਗੇ। ਆਈ.ਐਫ਼.ਏ ਵੱਲੋਂ ਪ੍ਰੋਜੈਕਟ ਚੁਣਨ ਦਾ  ਫੈਸਲਾ ਆਖਰੀ ਹੋਵੇਗਾ।

## ਪ੍ਰਸਤਾਵਾਂ ਦੀ ਸਬਮਿਸ਼ਨ

- **ਤੁਸੀਂ ਪ੍ਰਸਤਾਵ ਅੰਗਰੇਜੀ ਸਮੇਤ ਕਿਸੇ ਵੀ ਭਾਰਤੀ ਭਾਸ਼ਾ ਵਿਚ ਲਿਖ ਸਕਦੇ ਹੋ। ਆਈ.ਐਫ਼.ਏ. ਹੋਰਨਾਂ ਅੰਗਰੇਜੀ ਤੋਂ ਇਲਾਵਾ ਹੋਰਨਾਂ ਭਾਰਤੀ ਭਾਸ਼ਾਵਾਂ ਵਿਚ ਪ੍ਰੋਜੈਕਟਸ ਨੂੰ ਹੱਲਾਸ਼ੇਰੀ ਦਿੰਦਾ ਹੈ ਤਾਂ ਕਿ ਵੰਨ ਸੁਵੰਨੇ ਭਾਸ਼ਾਈ ਵਿਚਾਰਕ ਪਿੜਾਂ ਵਿਚ ਹਿੱਸਾ ਪਾਇਆ ਜਾ ਸਕੇ।**
- ਜੇ ਤੁਸੀਂ ਪ੍ਰੋਜੈਕਟ ਪ੍ਰਸਤਾਵ ਨੂੰ ਭੇਜਣ ਤੋਂ ਪਹਿਲਾਂ ਸਲਾਹ ਕਰਨਾ ਚਾਹੁੰਦੇ ਹੋ, ਜਾਂ ਇਸ ਸੰਬੰਧੀ ਤੁਹਾਡੇ ਕੋਈ ਸਵਾਲ ਹਨ, ਤਾਂ ਹਰਸ਼ਿਤਾ ਬਠਵਾਲ, ਪ੍ਰੋਗਰਾਮ ਅਫਸਰ, ਆਰਟਸ ਰਿਸਰਚ, ਨੂੰ harshita@indiaifa.org ਤੇ ਸੋਮਵਾਰ, **31 ਜੁਲਾਈ, 2023** ਤੋਂ ਪਹਿਲਾਂ ਇਸ ਸਬਜੈਕਟ ਲਾਈਨ ਨਾਲ਼ ਈਮੇਲ ਲਿਖੋ: ਆਰਟਸ ਰਿਸਰਚ ਲਈ ਪ੍ਰੋਜੈਕਟ ਪ੍ਰਸਤਾਵ
- ਤੁਹਾਡੇ ਮੁਕੰਮਲ ਪ੍ਰਸਤਾਵ, ਸਾਰੇ ਸਹਾਇਕ ਮਟੀਰੀਅਲ ਸਮੇਤ, ਆਨਲਾਈਨ ਇਕ ਈਮੇਲ ਰਾਹੀਂ, ਈਮੇਲ 25 MB ਤੋਂ ਵੱਧ ਨਾ ਹੋਵੇ, harshita@indiaifa.org ਨੂੰ **ਬੁੱਧਵਾਰ, 16 ਅਗਸਤ** 2023, 11:59 **PM(IST)** ਤੱਕ ਭੇਜੇ ਜਾ ਸਕਦੇ ਹਨ।

ਨੋਟ ਕੀਤਾ ਜਾਵੇ ਕਿ ਅਧੂਰੇ ਪ੍ਰਸਤਾਵ ਅਤੇ ਉਹ ਜਿੱਥੇ ਬਿਨੈਕਾਰ ਯੋਗਤਾ ਦੀਆਂ ਸ਼ਰਤਾਂ ਤੇ ਪੂਰੇ ਨਹੀ ਉਤਰਦੇ, ਮੰਨੇ ਨਹੀਂ ਜਾਣਗੇ।

ਸਾਰੇ ਦੇ ਸਾਰੇ ਚੁਣੇ ਹੋਏ ਪ੍ਰੋਜੈਕਟ ਆਈ.ਐਫ.ਏ. ਵੱਲੋਂ ਲਾਗੂ ਕੀਤੇ ਜਾਣਗੇ।

**ਯਾਦ ਰਹੇ ਕਿ ਆਈ.ਐਫ.ਏ. ਇਕ ਸੁਰੱਖਿਅਤ ਮਹੌਲ਼ ਸਿਰਜਣ ਲਈ ਵਚਨਬੱਧ ਹੈ ਜਿਸ ਵਿਚ ਬਾਲ ਬੱਚਿਆਂ ਸਮੇਤ ਹਰੇਕ ਦੀ ਸੁਰੱਖਿਆ, ਦੇਖਭਾਲ਼ ਅਤੇ ਇੱਜ਼ਤ ਹੋਵੇ। ਬਿਨੈਕਾਰ ਇਸ ਵਚਨਬੱਧਤਾ ਦਾ ਧਾਰਨੀ ਹੋਵੇ ਅਤੇ ਹਰ ਵੇਲ਼ੇ ਇਸ ਦੀ ਪੈਰਵਾਈ ਕਰੇ।**

**ਆਰਟਸ ਰਿਸਰਚ ਪ੍ਰੋਗਰਾਮ  ਬੀ ਐੱਨ ਪੀ ਪਰੀਬਾਸ ਇੰਡੀਆ ਦੇ ਸਹਿਯੋਗ ਨਾਲ਼ ਚਲਾਇਆ ਜਾ ਰਿਹਾ।**